ਅਰਥ ਅਤੇ ਅੰਕੜਾ ਸੰਗਠਨ,ਪੰਜਾਬ।

ਵਿਸ਼ਾ:- ਪੰਜਾਬ ਸਰਕਾਰ ਕਰਮਚਾਰੀਆਂ (ਆਚਰਣ) ਨਿਯਮਾਵਲੀ 1966 ਦੇ ਨਿਯਮ 18 ਅਧੀਨ ਸਾਲ 2015-16 ਦੀ ਅੱਚਲ ਸੰਪਤੀ ਦੀ ਰਿਟਰਨ ਭੇਜਣ ਬਾਰੇ।

ਇਸ ਵਿਭਾਗ ਦੇ ਸਮੂਹ ਗਰੁੱਪ 'ਏ' ਅਤੇ ਗਰੁੱਪ 'ਬੀ' ਅਧਿਕਾਰੀ/ਕਰਮਚਾਰੀ ਕ੍ਰਿਪਾ ਕਰਕੇ ਵਿਸ਼ਾ ਅੰਕਿਤ ਮਾਮਲੇ ਸਬੰਧੀ ਧਿਆਨ ਦੇਣ ਦੀ ਖੇਚਲ ਕਰਨ।

ਪੰਜਾਬ ਸਰਕਾਰ ਕਰਮਚਾਰੀ (ਆਚਰਣ) ਨਿਯਮਾਵਲੀ 1966 ਦੇ ਨਿਯਮ 18 ਅਧੀਨ 'ਗਰੁੱਪ ਏ ' ਅਤੇ 'ਬੀ' ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਅੱਚਲ ਸੰਪਤੀ ਰਿਟਰਨ, ਜਿਹੜੀ ਸਾਲ 2015-16 ਦੌਰਾਨ ਭਰੀ ਜਾਣੀ ਹੈ, ਉਹ ਮਿਤੀ 1-4-2016 ਤੋਂ ਡਿਊ ਹੋ ਗਈ ਹੈ। ਅਚੱਲ ਸੰਪਤੀ ਦਾ ਸਬੰਧ ਜਿਥੇ ਸਾਂਝੇ ਪਰਿਵਾਰ ਤੋਂ ਆਪਣੇ ਜਾਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਤੋਂ ਪ੍ਰਾਪਤ ਹੋਈ ਹੋਵੇ, ਉਥੇ ਹਿੱਸੇ ਦਾ ਵੇਰਵਾ ਸਪਸ਼ਟ ਕਰਨਾ ਹੋਵੇਗਾ। ਵਿਭਾਗ ਦੇ ਸਮੂਹ ਗਰੁੱਪ 'ਏ' ਅਤੇ 'ਬੀ' ਅਧਿਕਾਰੀ/ਕਰਮਚਾਰੀਆਂ ਨੂੰ ਬੇਨਤੀ ਹੈ ਕਿ ਉਹ ਆਪਣੀ ਸਾਲ 2015-16 ਦੀ ਅਚੱਲ ਪ੍ਰਾਪਰਟੀ ਰਿਟਰਨ ਨਾਲ ਨੱਥੀ ਪ੍ਰੋਫਾਰਮੇ ਵਿੱਚ ਮਿਤੀ 30/4/2016 ਤੱਕ ਅਮਲਾ ਸ਼ਾਖਾ ਨੂੰ ਭੇਜਣ ਦੀ ਖੇਚਲ ਕਰਨ।

ਪ੍ਰਾਪਰਟੀ ਰਿਟਰਨ ਨਿਰਧਾਰਿਤ ਪ੍ਰੋਫਾਰਮੇ ਵਿੱਚ ਹੀ ਭਰੀ ਜਾਵੇ ਅਤੇ ਇਸ ਦਾ ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਮਿਤੀ ਡੇਟਡ
04-04-2016

ਡਾਇਰੈਕਟਰ(ਪ੍ਰ)
ਕਮ-ਮੁੱਖ-ਚੌਕਸੀ ਅਫਸਰ।

ਅੰ.ਵਿ.ਪੱਤਰ ਨੰ:ਅ.ਅ.ਸ.(ਅ-3)-380-2016/ 6909-6952 ਮਿਤੀ: 04/04/16

ਵੱਲ

1) ਵਿਭਾਗ ਦੇ ਸਮੂਹ ਗਰੁੱਪ 'ਏ' ਅਤੇ 'ਬੀ' ਅਧਿਕਾਰੀ/ਕਰਮਚਾਰੀ।
2) ਸੁਪਰਡੰਟ (ਅ)/ਸਮੂਹ ਸੀਨੀਅਰ ਸਹਾਇਕ ਮੁੱਖ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਸਬੰਧਿਤਾਂ ਪਾਸੋਂ ਸਮੇਂ ਸਿਰ ਪ੍ਰਾਪਰਟੀ ਰਿਟਰਨਾਂ ਪ੍ਰਾਪਤ ਕਰਕੇ, ਚੈੱਕ ਕਰਨ ਉਪਰੰਤ ਲਿਸਟ ਬਣਾ ਕੇ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਅ-3 ਨੂੰ ਭੇਜਣਾ ਯਕੀਨੀ ਬਨਾਉਣ।

04/4/16
ਡਾਇਰੈਕਟਰ(ਪ੍ਰ)
ਕਮ-ਮੁੱਖ-ਚੌਕਸੀ ਅਫਸਰ।

ਕਾਪੀ:-

ਸਟੈਨੋ ਟੂ ਆਰਥਿਕ ਸਲਾਹਕਾਰ। ਇਹ ਆਰਥਿਕ ਸਲਾਹਕਾਰ ਜੀ ਦੀ ਜਾਣਕਾਰੀ ਹਿੱਤ ਜੀ।

# ਸਾਲ 2015-16

ਫਾਰਮ -1

ਰਿਟਾਇਰਮੈਂਟ ਦੀ ਮਿਤੀ ..................

ਅਚੱਲ ਜਾਇਦਾਦ ਦੀ ਸਾਰਣੀ (ਜਿਵੇਂ ਕਿ ਜਮੀਨਾਂ, ਘਰ ਦੁਕਾਨਾਂ ਹੋਰ ਇਮਾਰਤਾਂ ਆਦਿ)

ਨਾਮ ਪਿਤਾ ਦਾ ਨਾਂ ਅਹੁਦਾ/ ਸ਼ਾਖਾ ਤਨਖਾਹ

| ਲੜੀ ਨੰ. | ਜਾਇਦਾਦ ਦਾ ਵੇਰਵਾ | ਸਥਾਨ(ਪਿੰਡ, ਤਹਿਸੀ/ਸਬ ਡਵੀਜਨ, ਜਿਲ੍ਹਾ ਜਿਥੇ ਜਾਇਦਾਦ ਸਥਿਤ ਹੈ ਅਤੇ ਇਸਦਾ ਨਿਖੜਵਾਂ ਨੰਬਰ ਆਦਿ | ਜਮੀਨ ਅਤੇ ਇਮਾਰਤਾਂ ਦੀ ਸੂਰਤ ਵਿਚ ਭੋਂ ਦਾ ਰਕਬਾ | ਜਮੀਨ ਦੀ ਕਿਸਮ (ਜਮੀਨ ਜਾਇਦਾਦ ਦੀ ਸੂਰਤ ਵਿਚ) | ਹਿੱਤ ਦੀ ਹੱਦ/ਹਿੱਸਾ (Extent of interest | ਜੇਕਰ ਆਪਣੇ ਨਾਮ ਤੇ ਨਾ ਹੋਵੇ ਤਾਂ ਇਹ ਦੱਸੋ ਕਿ ਕਿਸਦੇ ਨਾਮ ਤੇ ਰੱਖੀ ਹੈ ਅਤੇ ਸਰਕਾਰੀ ਕਰਮਚਾਰੀ ਨਾਲ ਉਸਦਾ ਰਿਸ਼ਤਾ (ਸਬੰਧ) ਜੇਕਰ ਕੋਈ ਹੋਵ | ਪ੍ਰਾਪਤ ਕਰਨ ਦੀ ਮਿਤੀ | ਕਿਸ ਤਰ੍ਹਾਂ ਪ੍ਰਾਪਤ ਕੀਤੀ? ਕੀ ਖਰੀਦ, ਰਹਿਣ (mortgage ) ਪਟੇ ਤੇ (lease), ਵਿਰਾਸਤ ਤੋਂ, ਹਿੱਸਾ (gift) ਜਾਂ ਹੋਰ ਤਰੀਕੇ ਰਾਹੀਂ ਪ੍ਰਾਪਤ ਕੀਤੀ, ਉਸਦਾ ਨਾਂ ਵੇਰਵਿਆਂ ਸਮੇਤ (ਸਰਕਾਰੀ ਕਰਮਚਾਰੀ ਦਾ ਪਤਾ ਅਤੇ ਸਬੰਧਤ ਜੇਕਰ ਕੋਈ ਅਜਿਹੇ ਵਿਅਕਤੀ/ ਵਿਅਕਤੀਆਂ ਨਾਲ ਹੋਵੇ) (ਕਿਰਪਾ ਕਰਕੇ ਨੋਟ-1) | ਜਾਇਦਾਦ ਦੀ ਕੀਮਤ (ਨੋਟ ਨੰ.2 ਵੇਖੋ) | ਨਿਰਧਾਰਤ ਅਥਾਰਟੀ ਦੀ ਮੰਨਜੂਰੀ ਦੇ ਵੇਰਵੇ | ਜਾਇਦਾਦ ਤੇ ਕੁੱਲ ਸਲਾਨਾ ਆਮਦਨ | ਵਿਸੇਸ ਕਥਨ |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| | | | | | | | | | | | | |

ਮਿਤੀ:

ਹਸਤਾਖਰ

ਨੋਟ:-1) ਖਾਨਾ 9 ਦੇ ਮੰਤਵ ਲਈ, ਧਾਰਨਾ "ਪਟੇ" ਦਾ ਭਾਵ ਸਾਲ ਦਰ ਸਾਲ ਜਾਂ ਇੱਕ ਸਾਲ ਤੋਂ ਉਪਰਲੀ ਮਿਆਦ ਲਈ ਅਚੱਲ ਸੰਪਤੀ ਦਾ ਪਟੇ ਤੇ ਦੇਣਾ ਜਾਂ ਸਲਾਨਾ ਕਿਰਾਏ ਤੇ ਰਾਖਵਾਂ ਕਰਨ ਤੋਂ ਹੋਵੇਗਾ ਅਪਰ, ਜਿਥੇ ਅਚੱਲ ਸੰਪਤੀ ਦਾ ਪਟਾ ਸਰਕਾਰੀ ਕਰਮਚਾਰੀ ਨਾਲ ... ਸਰਕਾਰੀ . ਕਾਰੋਬਾਰ ਕਰਨ ਵਾਲੇ ਕਿਸੇ ਵਿਅੱਕਤੀ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਉਥੇ ਅਜਿਹੇ ਪਟੇ ਨੂੰ, ਪਟੇ ਦੀ ਇਸ ਮਿਆਦ ਦੇ ਹੁੰਦੇ ਹੋਏ ਕਿ ਇਹ ਅਲੱਪ ਕਾਲੀ ਹੈ ਜਾਂ ਦੀਰਘ ਕਾਲੀ ਹੈ ਅਤੇ ਕਿਰਾਏ ਦੇ ਭੁਗਤਾਨ ਦੀ ਮਿਆਦ ਵੀ ਇਸ ਖਾਨੇ ਵਿਚ ਦਰਸਾਏ ਜਾਵੇ।

2) ਖਾਨਾ 10 ਵਿਚ ਨਿਮਨ ਦਰਸਾਇਆ ਜਾਵੇ:

ੳ) ਜਿਥੇ ਇਹ ਜਾਇਦਾਦਾ ਖਰੀਦ ਕੇ ਰਹਿਣ ਤੇ ਪਟੇ ਤੇ ਪ੍ਰਾਪਤ ਕੀਤੀ ਗਈ ਹੈ ਅਜਿਹੀ ਪ੍ਰਾਪਤੀ ਲਈ ਅਦਾ ਕੀਤੀ ਗਈ ਕੀਮਤ ਜਾਂ ਅਧਿਕ ਮੁੱਲ (primium)

ਅ) ਜਿਥੇ ਇਹ ਪਟੇ ਤੇ ਲੈ ਕੇ ਪ੍ਰਾਪਤ ਕੀਤੀ ਗਈ, ਉਸਦਾ ਕੁੱਲ ਸਲਾਨਾ ਕਿਰਾਇਆ ਵੀ: ਅਤੇ

ੲ) ਜਿਥੇ ਪ੍ਰਾਪਤੀ ਵਿਰਾਸਤ ਚ ਤੋਹਫੇ-ਚ ਜਾਂ ਅਦਲਾ-ਬਦਲੀ (ਐਕਸਚੇਂਜ) ਪ੍ਰਾਪਤ ਕੀਤੀ ਗਈ ਹੈ, ਅਜਿਹੀ ਪ੍ਰਾਪਤ ਕੀਤੀ ਸੰਪਤੀ ਦੀ ਅੰਦਾਜਨ ਕੀਮਤ।